Oatley Vigmond

ONTARIO'S PERSONAL INJURY LAW FIRM



# ਤੁਹਾਡਾ ਭਵਿੱਖ ਸਾਡੀ ਪ੍ਰੇਰਨਾ ਹੈ

# ਅਸੀਂ ਕੇਵਲ ਨਿੱਜੀ ਸੱਟ ਸਬੰਧੀ ਮਾਮਲੇ ਦੇਖਦੇ ਹਾਂ।

ਜਦ ਤੁਸੀਂ ਜਾਂ ਤੁਹਾਡਾ ਕੋਈ ਪਿਆਰਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਂਦਾ ਹੈ, ਤਾਂ ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਜ਼ਿੰਦਗੀ ਵਿੱਚ ਤੁਰੰਤ ਉੱਥਲ-ਪੁੱਥਲ ਮੱਚ ਸਕਦੀ ਹੈ। ਸਮੁੱਚੇ ਭੰਬਲਭੂਸੇ ਅਤੇ ਤਣਾਅ ਦੇ ਦੌਰਾਨ, ਤੁਹਾਨੂੰ ਲੋੜੀਂਦੇ ਸਭ ਤੋਂ ਅਹਿਮ ਅੰਸ਼ਾਂ ਵਿੱਚੋਂ ਇੱਕ ਜਿਸਦੀ ਤੁਹਾਨੂੰ ਅੱਗੇ ਵਧਦੇ ਹੋਏ ਲੋੜ ਪਵੇਗੀ, ਉਹ ਹੈ ਤੁਹਾਡੇ ਸਮਰਥਨ ਵਿੱਚ ਇੱਕ ਠੋਸ ਵਕੀਲ ਜੋ ਤੁਹਾਨੂੰ ਦਰਪੇਸ਼ ਭਵਿੱਖ ਨੂੰ ਸਮਝਦਾ ਹੋਵੇ ਅਤੇ ਜਾਣਦਾ ਹੋਵੇ ਕਿ ਮੁਹਾਰਤ ਅਤੇ ਰਹਿਮਦਿਲੀ ਨਾਲ ਇਸ ਵਿੱਚੋਂ ਕਿਵੇਂ ਗੁਜ਼ਰਨਾ ਹੈ।

ਨਿੱਜੀ ਸੱਟ ਸਬੰਧੀ ਕਨੂੰਨ ਵਿੱਚ 40 ਸਾਲਾਂ ਤੋਂ ਵੱਧ ਤਜ਼ਰਬੇ ਦੇ ਨਾਲ, ਅਤੇ ਸਫਲਤਾ ਦੇ ਸਾਬਤ ਹੋ ਚੁੱਕੇ ਟਰੈਕ ਰਿਕਾਰਡ ਨਾਲ, ਓਟਲੇ ਵਿਗਮੌਂਡ (Oatley Vigmond) ਕੋਲ ਇਸ ਚੀਜ਼ ਦੀ ਅਤੁੱਲ ਸਮਝ ਹੈ ਕਿ ਮੁਵੱਕਲਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਮੁੜ-ਵਸੇਬੇ, ਸੰਭਾਲ ਅਤੇ ਭਲਾਈ ਵਾਸਤੇ ਕਿਸ ਚੀਜ਼ ਦੀ ਲੋੜ ਹੈ। ਜਦ ਹਾਲਾਤ ਤੁਹਾਨੂੰ ਰੋਜ਼ੀ- ਰੋਟੀ ਕਮਾਉਣ ਤੋਂ ਰੋਕਦੇ ਹਨ ਤਾਂ ਤੁਹਾਡੀ ਵਿੱਤੀ ਸੁਰੱਖਿਆ ਨੂੰ ਮੁੜ-ਬਹਾਲ ਕਰਨਾ ਸਾਡੀ ਜ਼ਿੰਮੇਵਾਰੀ ਹੈ। ਸਾਨੂੰ ਨਿੱਜੀ ਸੱਟ ਸਬੰਧੀ ਕਨੂੰਨ ਦੇ ਸਾਰੇ ਖੇਤਰਾਂ ਵਿੱਚ ਤਜ਼ਰਬਾ ਹੈ, ਜਿਸ ਵਿੱਚ ਮੋਟਰਸਾਈਕਲ ਹਾਦਸੇ, ਕਾਰ ਹਾਦਸੇ, ਤਿਲ੍ਹਕਣ ਅਤੇ ਡਿੱਗਣ ਦੇ ਹਾਦਸੇ, ਅਣਆਈ ਮੌਤ, ਉਤਪਾਦ ਦੀ ਦੇਣਦਾਰੀ, ਹਾਦਸੇ ਨਾਲ ਸਬੰਧਿਤ ਲਾਭ ਅਤੇ ਡਾਕਟਰੀ ਦੁਰਾਚਾਰ, ਅਤੇ ਨਾਲ ਹੀ ਚੁੱਭੀ ਮਾਰਨ ਅਤੇ ਤੈਰਾਕੀ ਸਬੰਧੀ ਹਾਦਸੇ ਸ਼ਾਮਲ ਹਨ।

ਪਹਿਲੀਆਂ ਅਹਿਮ ਬੈਠਕਾਂ ਤੋਂ ਲੈਕੇ ਸਾਰੀ ਕਨੂੰਨੀ ਪ੍ਰਕਿਰਿਆ ਦੇ ਦੌਰਾਨ, ਅਸੀਂ ਤਦ ਤੱਕ ਬਿਨਾਂ ਕਿਸੇ ਲਾਗਤ ਦੇ ਤੁਹਾਡੀ ਸਹਾਇਤਾ ਕਰਨ ਲਈ ਏਥੇ ਮੌਜੂਦ ਹਾਂ ਜਦ ਤੱਕ ਨਿਪਟਾਰਾ ਨਹੀਂ ਹੋ ਜਾਂਦਾ। ਏਥੋਂ ਤੱਕ ਕਿ ਇੱਕ ਵਾਰ ਤੁਹਾਡਾ ਨਿਪਟਾਰਾ ਹੋਣ ਦੇ ਬਾਅਦ ਵੀ, ਅਸੀਂ ਤੁਹਾਡੇ ਲੰਬੀ-ਮਿਆਦ ਲਈ ਵਿੱਤੀ ਅਤੇ ਨਿੱਜੀ ਭਵਿੱਖ ਵਾਸਤੇ ਸਮਝਦਾਰੀ ਨਾਲ ਯੋਜਨਾ ਬਣਾਉਣ ਵਾਸਤੇ ਮਦਦ ਕਰਨ ਲਈ ਵਿਸ਼ੇਸ਼ ਧਿਆਨ ਦੇਵਾਂਗੇ। ਇਹ ਸਾਡਾ ਤੁਹਾਡੇ ਨਾਲ ਵਾਅਦਾ ਹੈ।



# ਕਿਹੜੀ ਚੀਜ਼ ਸਾਨੂੰ ਵੱਖਰਾ ਬਣਾਉਂਦੀ ਹੈ

## ਅਸੀਂ ਹਮੇਸ਼ਾ ਨੇਕ-ਨੀਤੀ ਨਾਲ ਕਾਰਜ ਕਰਦੇ ਹਾਂ

ਸਾਡੇ ਮੁਵੱਕਲਾਂ ਵਾਸਤੇ ਸਾਡੀ ਜੋਸ਼ੀਲੀ ਵਕਾਲਤ ਲਈ ਕਨੂੰਨੀ, ਸਿਹਤ ਸੰਭਾਲ ਅਤੇ ਬੀਮਾ ਭਾਈਚਾਰਿਆਂ ਵਿੱਚ ਸਾਨੂੰ ਜਾਣਿਆ ਜਾਂਦਾ ਹੈ ਅਤੇ ਆਦਰ ਦਿੱਤਾ ਜਾਂਦਾ ਹੈ। ਤੁਹਾਡੀਆਂ ਲੋੜਾਂ ਹੋਰ ਕਿਸੇ ਵੀ ਚੀਜ਼ ਤੋਂ ਪਹਿਲਾਂ ਆਉਂਦੀਆਂ ਹਨ, ਅਤੇ ਤੁਸੀਂ ਵਿਸ਼ਵਾਸ ਮਹਿਸੂਸ ਕਰ ਸਕਦੇ ਹੋ ਕਿ ਤੁਹਾਡੀ ਸਭ ਤੋਂ ਵਧੀਆ ਵਿੱਤੀ, ਸਰੀਰਕ ਅਤੇ ਮਾਨਸਿਕ ਸਿਹਤ ਹਾਸਲ ਕਰਨ ਲਈ ਅਸੀਂ ਹਮੇਸ਼ਾ ਆਪਣੇ ਹੁਨਰ, ਊਰਜਾ ਅਤੇ ਤਜ਼ਰਬੇ ਦੀ ਵਰਤੋਂ ਕਰਾਂਗੇ।

## ਅਸੀਂ ਨਿੱਜੀ ਸੱਟ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਹਾਂ

ਅਸੀਂ ਕਦੇ ਵੀ ਬੀਮਾ ਕੰਪਨੀਆਂ ਦੀ ਪ੍ਰਤੀਨਿਧਤਾ ਨਹੀਂ ਕਰਦੇ। ਨਿੱਜੀ ਸੱਟ ਸਬੰਧੀ 40 ਸਾਲਾਂ ਤੋਂ ਵਧੇਰੇ ਤਜ਼ਰਬੇ ਦੇ ਨਾਲ, ਅਸੀਂ ਸਭ ਕਿਸਮਾਂ ਦੀਆਂ ਬਿਪਤਾਪੂਰਨ ਸੱਟਾਂ ਵਾਲੇ ਵਿਅਕਤੀ ਵਿਸ਼ੇਸ਼ਾਂ ਦੀ ਸਫਲਤਾ ਨਾਲ ਪ੍ਰਤੀਨਿਧਤਾ ਕੀਤੀ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ ਰੀੜ੍ਹ ਦੀ ਹੱਡੀ ਦੀਆਂ ਸੱਟਾਂ, ਸਦਮਾਮਈ ਦਿਮਾਗੀ ਸੱਟਾਂ ਅਤੇ ਗੰਭੀਰ ਹੱਡੀਆਂ ਸਬੰਧੀ ਸੱਟਾਂ।

## ਅਸੀਂ ਇੱਕ ਟੀਮ-ਆਧਾਰਿਤ ਪਹੁੰਚ ਦੀ ਪੇਸ਼ਕਸ਼ ਕਰਦੇ ਹਾਂ

ਸਾਡੇ ਹੁਨਰਮੰਦ ਹਾਦਸੇ ਦੇ ਲਾਭਾਂ ਸਬੰਧੀ ਮਾਹਰ (Accident Benefits Specialists) ਤੁਹਾਡੇ ਮੁੜ-ਵਸੇਬੇ, ਸੰਭਾਲ ਅਤੇ ਤੁਹਾਡੇ ਪਰਿਵਾਰ ਦੀ ਭਲਾਈ ਨੂੰ ਸਮਰਪਿਤ ਇੱਕ ਭਾਈਚਾਰਕ ਸਿਹਤ ਸੰਭਾਲ ਟੀਮ ਦਾ ਵਿਕਾਸ ਕਰਨ ਵਿੱਚ ਇੱਕ

ਸਰਗਰਮ ਭੂਮਿਕਾ ਨਿਭਾਉਂਦੇ ਹਨ। ਭਾਈਚਾਰੇ ਵਿੱਚ ਸਿਹਤ ਸੰਭਾਲ ਪ੍ਰਦਾਨਕਾਂ ਦੇ ਸਾਡੇ ਵਿਸਤਰਿਤ ਨੈੱਟਵਰਕ ਵਿੱਚੋਂ ਚੋਣ ਕਰਦੇ ਹੋਏ, ਅਸੀਂ ਯਕੀਨੀ ਬਣਾਉਂਦੇ ਹਾਂ ਕਿ ਨਾ ਕੇਵਲ ਤੁਹਾਨੂੰ ਸਭ ਤੋਂ ਵਧੀਆ ਕਨੂੰਨੀ ਪ੍ਰਤੀਨਿਧਤਾ ਮਿਲੇ ਸਗੋਂ ਸਭ ਤੋਂ ਵਧੀਆ ਉਪਲਬਧ ਸਿਹਤ ਸੰਭਾਲ ਟੀਮ ਵੀ ਮਿਲੇ ਜੋ ਤੁਹਾਡੇ ਇਲਾਜ ਅਤੇ ਲੰਬੀ-ਮਿਆਦ ਦੀ ਤੰਦਰੁਸਤੀ ਨੂੰ ਸਮਰਪਿਤ ਹੋਵੇ।

## ਸਾਡਾ ਭਾਈਚਾਰੇ ਵਿੱਚ ਆਦਰ ਕੀਤਾ ਜਾਂਦਾ ਹੈ

ਅਸੀਂ ਤੁਹਾਡੇ ਕੇਸ ਦਾ ਨਿਪਟਾਰੇ ਓਨੇ ਮੁੱਲ ਵਾਸਤੇ ਕਰਾਂਗੇ ਜਿੰਨਾ ਤੁਸੀਂ ਹੱਕ ਰੱਖਦੇ ਹੋ ਕਿਉਂਕਿ ਬੀਮਾ ਕੰਪਨੀਆਂ ਸਾਡੇ ਨਾਮ ਦਾ ਆਦਰ ਕਰਦੀਆਂ ਹਨ। ਸਾਡੇ ਨਿੱਜੀ ਸੱਟ ਸਬੰਧੀ ਵਕੀਲਾਂ ਕੋਲ ਮੁਸ਼ਕਿਲ ਕੇਸਾਂ ਦੇ ਨਾਲ ਅਦਾਲਤ ਵਿੱਚ ਜਾਣ ਅਤੇ ਜਿੱਤਣ ਦਾ 40 ਸਾਲਾਂ ਤੋਂ ਵਧੇਰੇ ਦਾ ਤਜ਼ਰਬਾ ਹੈ। ਸਾਡੇ ਵਕੀਲਾਂ ਵਿੱਚੋਂ ਕਈ ਮੁਕੱਦਮੇਬਾਜ਼ੀ ਦੇ ਪ੍ਰਮਾਣਿਤ ਮਾਹਰ ਹਨ ਜੋ ਨਿਆਂਇਕ ਪ੍ਰਣਾਲੀ ਦੇ ਸਾਰੇ ਪੱਧਰਾਂ 'ਤੇ ਸਾਡੇ ਮੁਵੱਕਲਾਂ ਵਾਸਤੇ ਵਕਾਲਤ ਕਰਨ ਲਈ ਲੈਸ ਅਤੇ ਤਿਆਰ ਹਨ। ਤੁਹਾਡੇ ਪੱਖ ਵਿੱਚ ਇੱਕ ਜਾਣਿਆ-ਪਛਾਣਿਆ ਅਤੇ ਆਦਰ ਕੀਤਾ ਜਾਂਦਾ ਵਕੀਲ ਹੋਣਾ ਤੁਹਾਡੇ ਭਵਿੱਖ ਲਈ ਅਹਿਮ ਹੈ।

*"ਓਟਲੇਵਿਗਮੌਂਡ(Oately Vigmond) ਉਹ ਸਭ ਤੋਂ ਵਧੀਆ ਚੀਜ਼ ਸੀ ਜੋ ਮੇਰੇ ਹਾਦਸੇ ਦੇ ਬਾਅਦ ਮੇਰੇ ਨਾਲ ਵਾਪਰੀ ਹੁੰਦੀ। ਜਦ 'ਵਕੀਲ' ਸ਼ਬਦ ਸਾਹਮਣੇ ਆਇਆ ਤਾਂ ਮੈਂ ਡਰੇ ਹੋਏ ਮਹਿਸੂਸ ਕੀਤਾ।*
*ਪਰ, ਮੇਰੀ ਟੀਮ ਨੇ ਮੇਰੇ ਨਾਲ ਇੱਕ ਵਿਅਕਤੀ ਵਜੋਂ ਵਿਵਹਾਰ ਕੀਤਾ, ਨਾ ਕਿ ਸਿਰਫ ਇੱਕ ਹੋਰ ਕੇਸ ਵਜੋਂ। ਮੈਂ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਮੈਂ ਉਹਨਾਂ ਵਾਸਤੇ ਇੱਕ ਵਿਸ਼ੇਸ਼ ਮੁਵੱਕਲ ਹੋਵਾਂ।"*

**ਰੈਂਡੀ ਐਟਕਿਨਸਨ,**
ਵਿਸਤਰਿਤ ਹੱਡੀਆਂ ਸਬੰਧੀ ਸੱਟਾਂ ਅਤੇ ਖੱਬੀ ਬਾਂਹ ਦਾ ਅਧਰੰਗ

ਸਾਡੇ ਮੁਵੱਕਲਾਂ ਦੀ ਸਫਲਤਾ ਦੀਆਂ ਕਹਾਣੀਆਂ ਬਾਰੇ
*oatleyvigmond.com/testimonials*
'ਤੇ ਆਨਲਾਈਨ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰੋ।



## ਤੁਹਾਨੂੰ ਇੱਕ ਨਿੱਜੀ ਸੱਟ ਸਬੰਧੀ ਵਕੀਲ ਦੀ ਲੋੜ ਕਿਉਂ ਪੈਂਦੀ ਹੈ?

ਬਹੁਤ ਸਾਰੇ ਕਾਰਨ ਹਨ ਜਿੰਨ੍ਹਾਂ ਕਰਕੇ ਤੁਹਾਨੂੰ ਇੱਕ ਤਜ਼ਰਬੇਕਾਰ ਨਿੱਜੀ ਸੱਟ ਸਬੰਧੀ ਵਕੀਲ ਦੀ ਲੋੜ ਹੁੰਦੀ ਹੈ। ਪਹਿਲੀ ਗੱਲ, ਨਿੱਜੀ ਸੱਟ ਦੇ ਕੇਸ ਗੁੰਝਲਦਾਰ ਹੁੰਦੇ ਹਨ, ਅਤੇ ਹਰੇਕ ਕੇਸ ਵਿਲੱਖਣ ਹੁੰਦਾ ਹੈ। ਉਹਨਾਂ ਕੇਸਾਂ ਵਿੱਚ ਜਿੱਥੇ ਸੱਟਾਂ ਬਿਪਤਾਪੂਰਨ ਅਤੇ ਜੀਵਨ-ਬਦਲੂ ਹੁੰਦੀਆਂ ਹਨ, ਤੁਹਾਨੂੰ ਇੱਕ ਅਜਿਹੇ ਵਕੀਲ ਦੀ ਲੋੜ ਹੁੰਦੀ ਹੈ ਜੋ ਤੁਹਾਡੀਆਂ ਸੱਟਾਂ ਦੀਆਂ ਲੰਬੀ-ਮਿਆਦ ਦੀਆਂ ਉਲਝਣਾਂ ਨੂੰ ਸੱਚਮੁੱਚ ਸਮਝਦਾ ਹੋਵੇ। ਦੂਜੀ ਗੱਲ, ਨਾ ਕੇਵਲ ਅਸੀਂ ਨਿੱਜੀ ਸੱਟ ਦੇ ਮੁਕੱਦਮੇ ਦੀ ਵਿਸਤਰਿਤ ਸਮਝ ਲਿਆਉਂਦੇ ਹਾਂ, ਸਗੋਂ ਸਾਡੇ ਕੋਲ ਤੁਹਾਡੇ ਮੁੜ-ਵਸੇਬੇ ਅਤੇ ਡਾਕਟਰੀ ਲੋੜਾਂ ਦਾ ਆਵਾਗੌਣ ਕਰਨ ਵਿੱਚ ਮਦਦ ਕਰਨ ਲਈ ਲੋਕ ਅਤੇ ਤਜ਼ਰਬਾ ਵੀ ਹੈ। ਅੰਤ ਵਿੱਚ, ਬੀਮਾ ਕੰਪਨੀਆਂ ਬਿਨਾਂ ਸੰਘਰਸ਼ ਦੇ ਮੁਆਵਜ਼ਾ ਨਹੀਂ ਦਿੰਦੀਆਂ। ਸ਼ੁਰੂ ਤੋਂ ਲੈਕੇ ਅੰਤ ਤੱਕ, ਪ੍ਰਕਿਰਿਆ ਦੇ ਹਰੇਕ ਕਦਮ ’ਤੇ ਤੁਹਾਡੀ ਪ੍ਰਤੀਨਿਧਤਾ ਕਰਦੇ ਹੋਏ, ਅਸੀਂ ਤੁਹਾਡੇ ਨਾਲ ਖੜ੍ਹਾਂਗੇ।

## ਅਸੀਂ ਕਿਸ ਤਰ੍ਹਾਂ ਮਦਦ ਕਰਦੇ ਹਾਂ (ਸ਼ੁਰੂਆਤ ਕਰਨਾ)

ਸ਼ੁਰੂ ਤੋਂ ਹੀ, ਅਸੀਂ ਇਹ ਯਕੀਨੀ ਬਣਾਉਂਦੇ ਹੋਏ ਤੁਹਾਡੀ ਸੰਭਾਲ ਟੀਮ ਦਾ ਇੱਕ ਪ੍ਰਮੁੱਖ ਮੈਂਬਰ ਬਣ ਜਾਵਾਂਗੇ ਕਿ ਤੁਸੀਂ ਕਨੂੰਨੀ, ਬੀਮੇ ਅਤੇ ਡਾਕਟਰੀ ਪ੍ਰਕਿਰਿਆ ਨੂੰ ਸਮਝਦੇ ਹੋਵੋਂ, ਅਤੇ ਇਹ ਯਕੀਨੀ ਬਣਾਵਾਂਗੇ ਕਿ ਮੁਸ਼ਕਿਲ ਸਮੇਂ ਦੌਰਾਨ ਤੁਹਾਡੀ ਉਸ ਸੰਭਾਲ ਅਤੇ ਸਹਾਇਤਾ ਤੱਕ ਪਹੁੰਚ ਹੋਵੇ ਜਿਸਦੀ ਤੁਹਾਨੂੰ ਲੋੜ ਹੈ। ਸਿਹਤ ਸੰਭਾਲ ਪ੍ਰਦਾਨਕਾਂ ਅਤੇ ਵਿਸ਼ੇਸ਼ ਮਾਹਰਾਂ ਦਾ ਜਿਹੜਾ ਨੈੱਟਵਰਕ ਅਸੀਂ ਕਈ ਸਾਲਾਂ ਦੌਰਾਨ ਸਥਾਪਤ ਕੀਤਾ ਹੈ, ਉਹਨਾਂ ਨੂੰ ਮੁਕੱਦਮੇਬਾਜ਼ੀ ਦੀ ਪ੍ਰਕਿਰਿਆ ਦੀ ਅਤੇ ਇਸ ਗੱਲ ਦੀ ਗਹਿਰੀ ਸਮਝ ਹੈ ਕਿ ਇਲਾਜ ਕੇਸ ਦੇ ਨਿਪਟਾਰੇ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ। ਸਾਡਾ ਨੈੱਟਵਰਕ ਕਿਸੇ ਵੀ ਬੀਮਾ ਕੰਪਨੀ ਦੇ ਨਾਲ ਜੁੜਿਆ ਹੋਇਆ ਨਹੀਂ ਹੈ, ਇਸ ਕਰਕੇ ਤੁਸੀਂ ਵਿਸ਼ਵਾਸ ਕਰ ਸਕਦੇ ਹੋ ਕਿ ਸਾਰੀ ਇਲਾਜ ਪ੍ਰਕਿਰਿਆ ਦੌਰਾਨ ਤੁਹਾਡਾ ਸਭ ਤੋਂ ਵਧੀਆ ਇਲਾਜ ਉਹਨਾਂ ਦੇ ਮਨ ਵਿੱਚ ਰਹਿੰਦਾ ਹੈ।

*ਓਟਲੇ ਵਿਗਮੌਂਡ ਵਿਖੇ ਮੇਰੀ ਟੀਮ ਪੇਸ਼ੇਵਰਾਨਾ ਸੀ, ਅਤੇ ਨਾਲ ਹੀ ਬਹੁਤ ਖਿਆਲ ਰੱਖਣ ਵਾਲੀ ਅਤੇ ਤਰਸਵਾਨ ਸੀ। ” ਕੋਈ ਵੀ ਕਦੇ ਵੀ ਅਜਿਹੀ ਸਥਿਤੀ ਵਿੱਚ ਨਹੀਂ ਫਸਣਾ ਚਾਹੁੰਦਾ ਜਿੱਥੇ ਨਿੱਜੀ ਸੱਟ ਸਬੰਧੀ ਵਕੀਲਾਂ ਦੀ ਵਰਤੋਂ ਕਰਨੀ ਪਵੇ, ਪਰ ਜਦ ਇਹਨਾਂ ਦੀ ਲੋੜ ਪੈਂਦੀ ਹੈ ਤਾਂ ਤੁਸੀਂ ਸਭ ਤੋਂ ਵਧੀਆ ਵਕੀਲ ਚਾਹੁੰਦੇ ਹੋ... ਮੈਂ ਕਦੇ ਵੀ ਕਿਸੇ ਟੀਮ ਨੂੰ ਏਨੀ ਮਿਹਨਤ ਕਰਦੇ ਨਹੀਂ ਦੇਖਿਆ ਜਿੰਨੀ ਉਹਨਾਂ ਨੇ ਕੀਤੀ। ਮੈਨੂੰ ਖੁਸ਼ੀ ਹੈ ਕਿ ਮੈਂ ਉਹਨਾਂ ਦੀਆਂ ਸੇਵਾਵਾਂ ਲਈਆਂ ਸਨ ”*

**ਰਯਾਨ ਮੌਰੀਸਨ,** ਸੰਪੂਰਨ ਰੀੜ੍ਹ ਦੀ ਹੱਡੀ ਦੀ ਸੱਟ ਦੇ ਬਾਅਦ ਬਚ ਜਾਣ ਵਾਲਾ
*oatleyvigmond.com/testimonials*
ਤੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ

# ਤੁਹਾਡੀਆਂ ਤੁਰੰਤ ਲੋੜਾਂ

ਕਿਸੇ ਬਿਪਤਾਪੂਰਨ ਸੱਟ ਦੇ ਤੁਰੰਤ ਬਾਅਦ, ਤੁਹਾਨੂੰ ਬਹੁਤ ਸਾਰੇ ਫੈਸਲਿਆਂ ਦਾ ਸਾਹਮਣਾ ਕਰਨਾ ਪਵੇਗਾ। ਸਾਡੀ ਭੂਮਿਕਾ ਹੈ ਤੁਹਾਡਾ ਵਕੀਲ ਬਣਨਾ ਅਤੇ ਗੁੰਝਲਦਾਰ ਅਤੇ ਭੰਬਲਭੂਸੇ ਵਿੱਚ ਪਾਉਣ ਵਾਲੀ ਬੀਮਾ ਪ੍ਰਕਿਰਿਆ ਵਿੱਚ ਆਵਾਗੌਣ ਕਰਨ ਲਈ ਤੁਹਾਡੀ ਮਦਦ ਕਰਨਾ। ਬੀਮੇ ਸਬੰਧੀ ਸਾਰੇ ਦਸਤਾਵੇਜ਼ੀ ਕਾਰਜ ਦਾ ਧਿਆਨ ਰੱਖਣ ਤੋਂ ਲੈਕੇ ਹਸਪਤਾਲ ਤੋਂ ਤੁਹਾਨੂੰ ਛੁੱਟੀ ਮਿਲਣ ਤੋਂ ਪਹਿਲਾਂ ਇੱਕ ਘਰੇਲੂ ਮੁਲਾਂਕਣ ਦਾ ਬੰਦੋਬਸਤ ਕਰਨ ਤੱਕ, ਅਸੀਂ ਪ੍ਰਕਿਰਿਆ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਸਾਧਾਰਨ ਅਤੇ ਸਰਲ ਬਣਾਉਂਦੇ ਹਾਂ। ਅਸੀਂ ਤੁਹਾਡੀ ਟੀਮ ਵਿੱਚ ਸ਼ਾਮਲ ਹਾਂ, ਅਤੇ ਬਾਕੀ ਇਹ ਜਾਣਦੇ ਹੋਏ ਤੁਸੀਂ ਬੇਫਿਕਰ ਹੋ ਸਕਦੇ ਹੋ ਕਿ ਹਸਪਤਾਲ ਤੋਂ ਘਰ ਵਿੱਚ ਸਰਲ ਤਬਾਦਲੇ ਵਾਸਤੇ ਅਸੀਂ ਹਰੇਕ ਚੀਜ਼ ਨੂੰ ਗਿਣਤੀ ਮਿਣਤੀ ਵਿੱਚ ਕਰ ਲਿਆ ਹੈ।

### ਹਾਦਸੇ ਦੇ ਲਾਭਾਂ ਸਬੰਧੀ ਹੁਨਰਮੰਦ ਮਾਹਰ

ਸਾਡੇ ਹੁਨਰਮੰਦ, ਹਾਦਸੇ ਦੇ ਲਾਭਾਂ ਸਬੰਧੀ ਮਾਹਰ (Accident Benefits Specialists) ਮੁੜ-ਵਸੇਬੇ ਦੀ ਸਮੁੱਚੀ ਪ੍ਰਕਿਰਿਆ ਦੌਰਾਨ ਤੁਹਾਡੇ ਵਕੀਲ ਹੁੰਦੇ ਹਨ, ਏਥੋਂ ਤੱਕ ਕਿ ਨਿਪਟਾਰਾ ਹੋ ਜਾਣ ਜਾਂ ਫੈਸਲਾ ਆ ਜਾਣ ਦੇ ਬਾਅਦ ਵੀ। ਉਹ ਸਾਰੇ ਹੀ ਬੀਮਾ ਕੰਪਨੀਆਂ ਤੋਂ ਸਾਡੀ ਫਰਮ ਨਾਲ ਜੁੜੇ ਹਨ, ਅਤੇ ਬੀਮੇ ਵਿੱਚ ਵਾਧ-ਘਾਟ ਕਰਨ ਵਾਲਿਆਂ (insurance adjusters) ਵਜੋਂ ਉਹਨਾਂ ਦਾ ਤਜ਼ਰਬਾ ਬਹੁਮੁੱਲਾ ਹੈ। ਕਿਉਂਕਿ ਉਹਨਾਂ ਨੂੰ ਬੀਮਾ ਪ੍ਰਕਿਰਿਆ ਦਾ ਨਜ਼ਦੀਕੀ ਗਿਆਨ ਹੈ, ਅਤੇ ਉਹ ਬੀਮਾ ਕੰਪਨੀਆਂ ਨਾਲ ਭਾਈਵਾਲੀ ਵਿੱਚ ਕੰਮ ਕਰਦੇ ਹਨ, ਇਸ ਲਈ ਉਹ ਇਹ ਯਕੀਨੀ ਬਣਾਉਣਗੇ ਕਿ ਤੁਹਾਡੀ ਉਹਨਾਂ ਸਾਰੇ ਲਾਭਾਂ ਤੱਕ ਪਹੁੰਚ ਹੋਵੇ ਜਿੰਨ੍ਹਾਂ ਦੇ ਤੁਸੀਂ ਹੱਕਦਾਰ ਹੋ।

### ਸਾਡੀ ਹਾਦਸੇ ਸਬੰਧੀ ਲਾਭਾਂ ਦੀ ਟੀਮ ਤੁਹਾਡੀ ਸਹਾਇਤਾ ਕਿਵੇਂ ਕਰਦੀ ਹੈ:

#### ਬੀਮਾ ਕੰਪਨੀ ਦਾ ਸੰਪਰਕ

ਸਾਰੇ ਲੋੜੀਂਦੇ ਕਾਗਜ਼ੀ ਦਸਤਾਵੇਜ਼ਾਂ ਨੂੰ ਭਰਦੇ ਹੋਏ ਅਤੇ ਸੌਂਪਦੇ ਹੋਏ, ਅਸੀਂ ਤੁਹਾਡੀ ਬੀਮਾ ਕੰਪਨੀ ਨਾਲ ਪ੍ਰਮੁੱਖ ਸੰਪਰਕ ਹੋਵਾਂਗੇ। ਤੁਹਾਡੇ ਵਾਸਤੇ ਤੁਹਾਡੀ ਬੀਮਾ ਕੰਪਨੀ ਦੇ ਨਾਲ ਸਾਡਾ ਨਿਰੰਤਰ ਅਤੇ ਲਗਾਤਾਰ ਸੰਚਾਰ ਰਹੇਗਾ, ਤਾਂ ਜੋ ਤੁਸੀਂ ਦਾਅਵਿਆਂ ਦੀ ਪ੍ਰਕਿਰਿਆ ਦੇ ਉੱਤੇ ਪਕੜ ਬਣਾਈ ਰੱਖੋਂ ਅਤੇ ਤੁਹਾਡੀ ਉਹਨਾਂ ਲਾਭਾਂ ਤੱਕ ਪਹੁੰਚ ਹੋਵੇ ਜਿੰਨ੍ਹਾਂ ਦੀ ਤੁਹਾਨੂੰ ਲੋੜ ਹੈ ਅਤੇ ਜਿੰਨ੍ਹਾਂ ਦਾ ਤੁਸੀਂ ਹੱਕ ਰੱਖਦੇ ਹੋ।

#### ਛੁੱਟੀ ਦੀ ਯੋਜਨਾਬੰਦੀ

ਸਾਡੀ ਭੂਮਿਕਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਾ ਹੈ ਕਿ ਛੁੱਟੀ ਦੀ ਪ੍ਰਕਿਰਿਆ ਵੱਧ ਤੋਂ ਵੱਧ ਸੰਭਵ ਹੱਦ ਤੱਕ ਸਾਧਾਰਨ ਅਤੇ ਸਰਲ ਹੋਵੇ। ਸਿਹਤ ਸੰਭਾਲ ਭਾਈਚਾਰੇ ਅੰਦਰ ਸਾਡੇ ਮਜ਼ਬੂਤ ਰਿਸ਼ਤਿਆਂ ਦੇ ਨਾਲ, ਅਸੀਂ ਇਹ ਯਕੀਨੀ ਬਣਾਉਣ ਲਈ ਹਸਪਤਾਲ ਟੀਮ ਦੇ ਨਾਲ ਕਾਰਜ ਕਰਦੇ ਹਾਂ ਕਿ ਤੁਹਾਡੇ ਕੋਲ ਸਭ ਤੋਂ ਵਧੀਆ ਅਤੇ ਸਭ ਤੋਂ ਉਚਿਤ ਭਾਈਚਾਰਕ ਸਿਹਤ ਸੰਭਾਲ ਟੀਮ ਹੋਵੇ। ਅਸੀਂ ਯਕੀਨੀ ਬਣਾਉਂਦੇ ਹਾਂ ਕਿ ਤੁਹਾਡੀ ਭਾਈਚਾਰਕ ਵਸੇਬਾ ਟੀਮ ਤੁਹਾਡੀ ਚਿਕਿਤਸਾ ਨੂੰ ਜਾਰੀ ਰੱਖਦੀ ਹੈ ਅਤੇ ਤੁਹਾਡੀਆਂ ਲੋੜਾਂ ਦੀ ਪੂਰਤੀ ਕਰਦੀ ਹੈ।

#### ਆਮਦਨ ਦੀ ਹਾਨੀ

ਕਿਸੇ ਅਪੰਗ ਕਰਕੇ ਰੱਖ ਦੇਣ ਵਾਲੀ ਸੱਟ ਦੇ ਬਾਅਦ, ਤੁਹਾਡੇ ਸਭ ਤੋਂ ਪਹਿਲੇ ਸ਼ੰਕਿਆਂ ਵਿੱਚੋਂ ਇੱਕ ਇਹ ਹੋਵੇਗਾ ਕਿ ਤੁਸੀਂ ਆਪਣੇ ਬਿੱਲਾਂ ਦਾ ਭੁਗਤਾਨ ਕਿਵੇਂ ਕਰੋਂਗੇ ਅਤੇ ਆਪਣੇ ਪਰਿਵਾਰ ਨੂੰ ਆਸਰਾ ਕਿਵੇਂ ਦੇਵੋਂਗੇ। ਜੇ ਤੁਹਾਡਾ ਕਿਸੇ ਗਲਤੀ ਕਰਨ ਵਾਲੇ ਖਿਲਾਫ ਕੋਈ ਦਾਅਵਾ ਹੈ ਤਾਂ ਭਵਿੱਖ ਵਿੱਚ ਆਮਦਨ ਦੀ ਹਾਨੀ ਨੂੰ ਹਾਸਲ ਕਰਨ ਲਈ ਕੰਮ ਕਰਦੇ ਹੋਏ, ਅਸੀਂ ਤੁਹਾਡੀ ਬੀਮਾ ਕੰਪਨੀ ਕੋਲੋਂ ਅੰਤਰਿਮ ਆਮਦਨ ਵਿਕਲਪ ਹਾਸਲ ਕਰਨ ਵਿੱਚ ਤੁਹਾਡੀ ਮਦਦ ਕਰਾਂਗੇ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਲਾਭਾਂ ਨੂੰ ਸੌਂਪਿਆ ਜਾਂਦਾ ਹੈ ਅਤੇ ਭੁਗਤਾਨ ਕੀਤਾ ਜਾਂਦਾ ਹੈ, ਸਾਡੀ ਟੀਮ ਤੁਹਾਡੇ ਰੁਜ਼ਗਾਰਦਾਤਾ ਨਾਲ ਸੰਪਰਕ ਕਰਕੇ, ਡਾਕਟਰੀ ਸਬੂਤ ਇਕੱਠੇ ਕਰਕੇ ਅਤੇ ਤੁਹਾਡੀ ਬੀਮਾ ਕੰਪਨੀ ਲਈ ਅਰਜ਼ੀਆਂ ਭਰਕੇ ਇਹ ਯਕੀਨੀ ਬਣਾਉਂਦੀ ਹੈ ਕਿ ਤੁਹਾਡੀ ਆਮਦਨ ਹਾਨੀ ਦੇ ਲਾਭਾਂ ਤੱਕ ਪੂਰੀ ਪਹੁੰਚ ਹੋਵੇ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਵਿੱਤ ਸਬੰਧੀ ਮਾਨਸਿਕ ਸ਼ਾਂਤੀ ਤੁਹਾਡੀ ਮੁੜ-ਸਿਹਤਯਾਬੀ ਵਾਸਤੇ ਅਤੀ ਜ਼ਰੂਰੀ ਹੈ।

## ਯਾਦ ਰੱਖਣ ਲਈ ਮਹੱਤਵਪੂਰਨ ਤਾਰੀਖ਼ਾਂ

**7 ਦਿਨ**

ਜ਼ਖ਼ਮੀ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਆਪਣੀ ਆਟੋ ਬੀਮਾ ਕੰਪਨੀ ਨੂੰ ਸੂਚਿਤ ਕਰਨਾ ਚਾਹੀਦਾ ਹੈ ਜੇਕਰ ਉਹ ਕਿਸੇ ਮੋਟਰ ਗੱਡੀ ਦੇ ਹਾਦਸੇ ਵਿੱਚ ਜ਼ਖ਼ਮੀ ਹੋਏ ਸਨ।

**10 ਦਿਨ**

ਜੇ ਜ਼ਖ਼ਮੀ ਵਿਅਕਤੀ ਨਗਰਪਾਲਿਕਾ ਦੀ ਜਾਇਦਾਦ 'ਤੇ ਤਿਲ੍ਹਕਣ ਅਤੇ ਡਿੱਗਣ ਕਰਕੇ, ਜਾਂ ਨਗਰਪਾਲਿਕਾ/ਸੂਬੇ ਦੀਆਂ ਸੜਕਾਂ ਨੂੰ ਮੁਰੰਮਤ ਦੀ ਵਧੀਆ ਹਾਲਤ ਵਿੱਚ ਰੱਖਣ ਵਿੱਚ ਅਸਫਲ ਰਹਿਣ ਕਰਕੇ ਕੋਈ ਦਾਅਵਾ ਕਰਨ ਦੀ ਯੋਜਨਾ ਬਣਾਉਂਦਾ ਹੈ ਤਾਂ ਉਸਨੂੰ ਲਾਜ਼ਮੀ ਤੌਰ 'ਤੇ ਨਗਰਪਾਲਿਕਾ ਜਾਂ ਸੂਬੇ ਨੂੰ ਨੋਟਿਸ ਦੇਣਾ ਚਾਹੀਦਾ ਹੈ।

**30 ਦਿਨ**

ਜ਼ਖ਼ਮੀ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਹਾਦਸੇ ਦੇ ਵਿਧਾਨਕ ਲਾਭਾਂ ਵਾਸਤੇ ਆਪਣੀ ਆਟੋ ਬੀਮਾ ਕੰਪਨੀ ਕੋਲ ਅਰਜ਼ੀ ਭਰਨੀ ਚਾਹੀਦੀ ਹੈ।

**60 ਦਿਨ**

ਸੂਬਾਈ ਸਰਕਾਰ ਖਿਲਾਫ ਕਨੂੰਨੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸੂਬੇ ਨੂੰ ਦਾਅਵੇ ਦਾ ਨੋਟਿਸ।

**120 ਦਿਨ**

ਜੇਕਰ ਸੱਟ ਦਾ ਦਾਅਵਾ ਕਿਸੇ ਮੋਟਰ ਗੱਡੀ ਦੇ ਹਾਦਸੇ ਨਾਲ ਸਬੰਧਿਤ ਹੈ, ਤਾਂ ਜ਼ਖ਼ਮੀ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਸੰਭਾਵਿਤ ਬਚਾਓ ਪੱਖ ਨੂੰ ਨੋਟਿਸ ਦੇਣਾ ਚਾਹੀਦਾ ਹੈ।

**1 ਸਾਲ**

ਜਾਇਦਾਦ ਨੂੰ ਨੁਕਸਾਨ ਸਬੰਧੀ ਆਟੋ ਦਾਅਵੇ ਉੱਤੇ ਤੁਹਾਡੀ ਆਪਣੀ ਬੀਮਾ ਕੰਪਨੀ ਉੱਤੇ ਮੁਕੱਦਮਾ ਚਲਾਉਣ ਦੀ ਅੰਤਿਮ ਤਾਰੀਖ਼।

**2 ਸਾਲ**

ਉਹ ਸਮਾਂ ਜਿਸ ਸਮੇਂ ਤੱਕ ਕਿਸੇ ਜ਼ਖ਼ਮੀ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਸਾਰੇ ਸੰਭਾਵੀ ਬਚਾਓ ਕਰਤਾਵਾਂ ਖਿਲਾਫ ਕਨੂੰਨੀ ਮੁਕੱਦਮਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

# ਆਮ ਪੁੱਛੇ ਜਾਣ ਵਾਲੇ ਪ੍ਰਸ਼ਨ

## ਲਾਗਤ ਕਿੰਨ੍ਹੀ ਕੁ ਹੋਵੇਗੀ?

ਅਸੀਂ ਇਹ ਯਕੀਨੀ ਬਣਾਉਣ ਲਈ ਦ੍ਰਿੜ ਸੰਕਲਪ ਹਾਂ ਕਿ ਤੁਸੀਂ ਆਪਣੀਆਂ ਲੋੜਾਂ ਦੇ ਆਧਾਰ ’ਤੇ ਸਭ ਤੋਂ ਵਧੀਆ ਸੰਭਵ ਨਿਪਟਾਰਾ ਜਾਂ ਫੈਸਲਾ ਹਾਸਲ ਕਰਦੇ ਹੋ। ਤੁਹਾਡੀ ਟੀਮ ਵਿੱਚ ਓਟਲੇ ਵਿਗਮੌਂਡ ਦੇ ਹੋਣ ਨਾਲ ਤੁਹਾਨੂੰ ਤਦ ਤੱਕ ਕੋਈ ਖ਼ਰਚਾ ਨਹੀਂ ਆਵੇਗਾ ਜਦ ਤੱਕ ਕਿਸੇ ਫੈਸਲੇ ਜਾਂ ਨਿਪਟਾਰੇ ਤੱਕ ਨਹੀਂ ਪਹੁੰਚਿਆ ਜਾਂਦਾ।

## ਮੇਰੇ ਕੇਸ ਨੂੰ ਕਿੰਨਾ ਸਮਾਂ ਲੱਗੇਗਾ?

ਹਰੇਕ ਕੇਸ ਵੱਖਰਾ ਹੁੰਦਾ ਹੈ, ਪਰ ਇੱਕ ਔਸਤ ਨਿੱਜੀ ਸੱਟ ਦੇ ਕੇਸ ਦਾ ਅੰਤਿਮ ਨਿਰਣਾ ਆਉਣ ਵਾਸਤੇ 2-4 ਸਾਲ ਦਾ ਸਮਾਂ ਲੱਗਦਾ ਹੈ। ਇਹ ਮਹੱਤਵਪੂਰਨ ਹੈ ਕਿ ਅਸੀਂ ਸੱਟਾਂ ਦੇ ਸਥਿਰ ਹੋਣ ਨੂੰ ਸਮਾਂ ਦੇਈਏ ਤਾਂ ਜੋ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਇਸਤੋਂ ਪਹਿਲਾਂ ਕਿ ਤੁਹਾਡੇ ਦਾਅਵਿਆਂ ਦਾ ਹੱਲ ਕੱਢਣ ਵਿੱਚ ਅਸੀਂ ਕੋਈ ਮਦਦ ਕਰੀਏ, ਅਸੀਂ ਤੁਹਾਡੇ ਵਿਕਾਰਾਂ ਦੀ ਹੱਦ ਨੂੰ ਪੂਰੀ ਤਰ੍ਹਾਂ ਸਮਝਦੇ ਹਾਂ।

## ਕੀ ਮੇਰਾ ਕੇਸ ਪਰਖ ਵਾਸਤੇ ਜਾਵੇਗਾ ਜਾਂ ਇਸਨੂੰ ਅਦਾਲਤ ਦੇ ਬਾਹਰ ਨਿਪਟਾਇਆ ਜਾਵੇਗਾ?

ਜਦ ਪਰਖ ਜ਼ਰੂਰੀ ਹੋਵੇ ਤਾਂ ਸਾਡਾ ਅਦਾਲਤ ਵਿੱਚ ਸਫਲਤਾ ਨਾਲ ਕੇਸਾਂ ਦੀ ਪਰਖ ਕਰਨ ਦਾ ਇਤਿਹਾਸ ਰਿਹਾ ਹੈ। ਪਰ, ਸਾਡਾ ਟੀਚਾ ਇਹ ਹੈ ਕਿ ਜੇਕਰ ਸੰਭਵ ਹੋਵੇ ਤਾਂ ਹਰ ਕੇਸ ਨੂੰ ਬਿਨਾਂ ਪਰਖ ਨਿਪਟਾਉਣਾ। ਕੇਸ ਦੇ ਸਿੱਟੇ ਨੂੰ ਖਤਰੇ ਵਿੱਚ ਪਾਏ ਬਗੈਰ, ਅਸੀਂ ਸਾਡੇ ਮੁਵੱਕਲਾਂ ਦੇ ਕੇਸਾਂ ਨੂੰ ਵੱਧ ਤੋਂ ਵੱਧ ਸੰਭਵ ਤੇਜ਼ੀ ਨਾਲ ਨਿਪਟਾਉਣ ਲਈ ਦ੍ਰਿੜ ਸੰਕਲਪ ਹਾਂ। ਜੋ ਕੁਝ ਵੀ ਤੁਹਾਡੇ ਵਾਸਤੇ ਸਹੀ ਹੈ, ਉਹੀ ਸਾਡੀ ਕਾਰਵਾਈ ਦੇ ਕੋਰਸ ਨੂੰ ਚਲਾਵੇਗਾ।

ਹੋਰ ਆਮ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਆਨਲਾਈਨ oatleyvigmond.com/frequently-asked-questions ਤੇ ਲੱਭੋ।

*“ਜਦ ਮੈਂ ਹਸਪਤਾਲ ਵਿੱਚ ਸੀ ਤਾਂ ਮੇਰੇ ਮਾਪਿਆਂ ਨੇ ਇਹ ਫੈਸਲਾ ਕਰਨਾ ਸੀ ਕਿ ਕਿਹੜੀ ਕਨੂੰਨੀ ਫਰਮ ਦੀਆਂ ਸੇਵਾਵਾਂ ਲਈਆਂ ਜਾਣ। ਰੱਬ ਦਾ ਸ਼ੁਕਰ ਹੈ ਉਹਨਾਂ ਨੇ ਓਟਲੇ ਵਿਗਮੌਂਡ ਦੀ ਚੋਣ ਕੀਤੀ। ਉਹਨਾਂ ਨੇ ਸਾਡਾ ਖਿਆਲ ਰੱਖਿਆ। ਰੋਜਰ ਓਟਲੀ ਅਤੇ ਉਸਦੀ ਟੀਮ ਬਹੁਤ ਪੇਸ਼ੇਵਰ ਸਨ ਅਤੇ ਹਮੇਸ਼ਾ ਸੰਪਰਕ ਵਿੱਚ ਰਹੇ। ਉਹ ਪਰਿਵਾਰ ਦਾ ਇੱਕ ਛੋਟਾ ਭਾਗ ਬਣ ਗਏ। ਮੈਂ ਨਹੀਂ ਸੋਚਦੀ ਕਿ ਅਸੀਂ ਕਿਸੇ ਇਸਤੋਂ ਬਿਹਤਰ ਵਿਅਕਤੀ ਦੀ ਚੋਣ ਕੀਤੀ ਹੁੰਦੀ।”*

**ਸ਼ੈਨਨ ਡੀਅਰਿੰਗ,**
ਸੰਪੂਰਨ ਰੀੜ੍ਹ ਦੀ ਹੱਡੀ ਦੀ ਸੱਟ ਦੇ ਬਾਅਦ ਬਚ ਜਾਣ ਵਾਲੀ

*ਸ਼ੈਨਨ ਦੀ ਕਹਾਣੀ ਬਾਰੇ oatleyvigmond.com/testimonials. ’ਤੇ ਆਨਲਾਈਨ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰੋ।*





*"ਸਾਡੇ ਬੱਚੇ ਦੇ ਜ਼ਖ਼ਮੀ ਹੋਣ ਦੇ ਬਾਅਦ ਅਸੀਂ ਸਭ ਤੋਂ ਵਧੀਆ ਅਜਿਹੀ ਮਦਦ ਪ੍ਰਾਪਤ ਕੀਤੀ ਜਿਸਦੀ ਕੋਈ ਕਲਪਨਾ ਕਰ ਸਕਦਾ ਸੀ। ਅਸੀਂ ਬਹੁਤ ਜ਼ਿਆਦਾ ਦਬਾਅ ਅਤੇ ਤਣਾਅ ਵਿੱਚ ਸੀ ਜਦੋਂ ਅਸੀਂ ਪਹਿਲੀ ਵਾਰ ਓਟਲੇ ਵਿਗਮੌਂਡ ਦੇ ਨਾਲ ਸੰਪਰਕ ਕੀਤਾ। ਮੇਰੀ ਟੀਮ ਨੇ ਸਹੀ ਡਾਕਟਰਾਂ, ਚਿਕਿਤਸਕਾਂ, ਸਹਾਇਤਾ ਅਮਲੇ ਅਤੇ ਇੱਕ ਕੇਸ ਮੈਨੇਜਰ ਨੂੰ ਲੱਭਣ ਵਿੱਚ ਮਦਦ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੇਰੇ ਪਰਿਵਾਰ ਵਿੱਚ ਹਰ ਕਿਸੇ ਨੂੰ ਮਦਦ ਮਿਲੇ। ਮੇਰੀ ਟੀਮ ਨੇ ਮੇਰੇ ਮੋਢਿਆਂ ਉੱਤੋਂ ਪੂਰੀ ਦੂਨੀਆਂ ਦਾ ਬੋਝ ਉਤਾਰ ਦਿੱਤਾ। ਸਾਡੇ ਬੇਟੇ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਹੋਏ ਨਿਪਟਾਰੇ ਤੋਂ ਅਸੀਂ ਬਹੁਤ ਖ਼ੁਸ਼ ਸੀ।"*

**ਵਰਨਾ ਪੋਰਟਰ, ਜੇਮਸ ਪੋਰਟਰ ਦੀ ਮਾਂ,**
ਦਿਮਾਗੀ ਸੱਟ ਤੋਂ ਬਾਅਦ ਬਚ ਜਾਣ ਵਾਲਾ

*ਸਾਡੇ ਮੁਵੱਕਲਾਂ ਦੀ ਸਫਲਤਾ ਦੀਆਂ ਕਹਾਣੀਆਂ ਬਾਰੇ oatleyvigmond.com/testimonials 'ਤੇ ਆਨਲਾਈਨ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰੋ।*

*ਓਟਲੇ ਵਿਗਮੌਂਡ ਵਿਖੇ ਅਸੀਂ ਜਾਣਦੇ ਹਾਂ ਕਿ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਕੀਲ ਦੀ ਚੋਣ ਤੁਹਾਡੇ ਵੱਲੋਂ ਕਦੇ ਵੀ ਕੀਤੀਆਂ ਜਾਣ ਵਾਲੀਆਂ ਸਭ ਤੋਂ ਮਹੱਤਵਪੂਰਨ ਚੋਣਾਂ ਵਿੱਚੋਂ ਇੱਕ ਹੋਵੇਗੀ।*

ਕਿਸੇ ਗੰਭੀਰ ਕੇਸ ਵਿੱਚ ਤੁਹਾਡਾ ਵਿੱਤੀ ਭਵਿੱਖ ਇਸ ਉੱਤੇ ਨਿਰਭਰ ਕਰਦਾ ਹੈ। ਬਿਨਾਂ ਉਚਿਤ ਮੁਆਵਜ਼ੇ ਦੇ, ਤੁਸੀਂ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਸਹਾਰਾ ਕਿਵੇਂ ਦੇਵੋਂਗੇ, ਅਤੇ ਤੁਸੀਂ ਉਹਨਾਂ ਸੇਵਾਵਾਂ ਵਾਸਤੇ ਭੁਗਤਾਨ ਕਿਵੇਂ ਕਰੋਂਗੇ ਜਿੰਨ੍ਹਾਂ ਦੀ ਤੁਹਾਨੂੰ ਬਾਕੀ ਬਚਦੀ ਜਿੰਦਗੀ ਵਾਸਤੇ ਲੋੜ ਪਵੇਗੀ? ਓਟਲੇ ਵਿਗਮੌਂਡ ਵਿਖੇ ਹਰੇਕ ਵਕੀਲ ਅਤੇ ਅਮਲੇ ਦਾ ਹਰੇਕ ਮੈਂਬਰ ਤੁਹਾਡੀ ਵਿੱਤੀ ਸੁਰੱਖਿਆ ਨੂੰ ਮੁੜ ਹਾਸਲ ਕਰਨ ਵਾਸਤੇ ਜ਼ਿੰਮੇਵਾਰੀ ਨੂੰ ਸਵੀਕਾਰ ਕਰਦਾ ਹੈ। ਅਸੀਂ ਤੁਹਾਡੀ ਭਾਈਚਾਰਕ ਮੁੜ-ਵਸੇਬਾ ਟੀਮ ਨੂੰ ਇਕੱਤਰ ਕਰਨ ਅਤੇ ਉਹਨਾਂ ਦੀ ਸਹਾਇਤਾ ਕਰਨ ਵਾਸਤੇ ਜ਼ਿੰਮੇਵਾਰੀ ਨੂੰ ਵੀ ਸਵੀਕਾਰ ਕਰਦੇ ਹਾਂ ਤਾਂ ਜੋ ਤੁਸੀਂ ਸਭ ਤੋਂ ਵਧੀਆ ਸੰਭਵ ਮੁੜ-ਸਿਹਤਯਾਬੀ ਹਾਸਲ ਕਰ ਸਕੋਂ।

ਸਾਡੀ ਤੁਹਾਡੇ ਵਾਸਤੇ ਜ਼ਿੰਮੇਵਾਰੀ ਹੈ ਤੁਹਾਨੂੰ ਆਪਣੀ ਸਿਹਤ ਮੁੜ ਹਾਸਲ ਕਰਨ ਵਿੱਚ ਮਦਦ ਕਰਨਾ ਅਤੇ ਫੇਰ ਵੱਧ ਤੋਂ ਵੱਧ ਮੁੜ-ਸਿਹਤਯਾਬੀ ਹਾਸਲ ਕਰਨ ਦੇ ਬਾਅਦ ਆਰਥਿਕ ਖੇਡ ਮੈਦਾਨ ਨੂੰ ਪੱਧਰ ਕਰਨਾ। ਇਹ ਇੱਕ ਡਰਾਉਣੀ ਜ਼ਿੰਮੇਵਾਰੀ ਹੈ, ਪਰ ਹਰ ਉਸ ਮੁਵੱਕਲ ਨੂੰ ਸਾਡਾ ਇਹੀ ਕਰਨ ਦਾ ਵਚਨ ਹੁੰਦਾ ਹੈ ਜਿਸ ਵਾਸਤੇ ਅਸੀਂ ਕਾਰਜ ਕਰਦੇ ਹਾਂ।

**ਰੋਜਰ ਓਟਲੇ ਅਤੇ ਜਿਮ ਵਿਗਮੌਂਡ,**
ਸੰਸਥਾਪਕ ਭਾਈਵਾਲ

# ਤੁਸੀਂ ਸਭ ਤੋਂ ਪਹਿਲਾਂ ਆਉਂਦੇ ਹੋ।

ਓਟਲੇ ਵਿਗਮੌਂਡ ਵਿਖੇ, ਸਾਡੇ ਮੁਵੱਕਲਾਂ ਨਾਲ ਸਾਡਾ ਰਿਸ਼ਤਾ ਕੇਸ ਜਾਂ ਪਰਖ ਦੇ ਨਿਪਟਾਰੇ ਨਾਲ ਖਤਮ ਨਹੀਂ ਹੋ ਜਾਂਦਾ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸਾਡੀ ਭੂਮਿਕਾ ਨਾ ਕੇਵਲ ਤੁਹਾਨੂੰ ਸਭ ਤੋਂ ਵਧੀਆ ਸੰਭਵ ਕਨੂੰਨੀ ਪ੍ਰਤੀਨਿਧਤਾ ਪ੍ਰਦਾਨ ਕਰਨਾ ਹੈ, ਸਗੋਂ ਇਹ ਵੀ ਯਕੀਨੀ ਬਣਾਉਣਾ ਹੈ ਕਿ ਤੁਹਾਨੂੰ ਲੰਬੀ-ਮਿਆਦ ਦੀ ਸੁਰੱਖਿਆ ਵਾਸਤੇ ਤਿਆਰ ਕਰ ਦਿੱਤਾ ਜਾਵੇ। ਸਾਡੇ ਮੁਵੱਕਲਾਂ ਦੇ ਕੇਸਾਂ ’ਤੇ ਸਾਫ਼ਗੋਈ ਨਾਲ ਪਰ ਮਜ਼ਬੂਤੀ ਨਾਲ ਜ਼ੋਰ ਦੇਣ ਲਈ ਨਵੇਂ ਅਤੇ ਬਿਹਤਰ ਤਰੀਕਿਆਂ ਵਾਸਤੇ ਸਾਡੀ ਨਿਰੰਤਰ ਤਲਾਸ਼ ਵਿੱਚ, ਸਾਡੀ ਵਚਨਬੱਧਤਾ ਦਾ ਹਰ ਦਿਨ ਪ੍ਰਦਰਸ਼ਨ ਕੀਤਾ ਜਾਂਦਾ ਹੈ, ਤਾਂ ਜੋ ਅਸੀਂ ਵੱਧ ਤੋਂ ਵੱਧ ਸੰਭਵ ਤੇਜ਼ੀ ਨਾਲ ਸਭ ਤੋਂ ਵਧੀਆ ਸੰਭਵ ਨਤੀਜੇ ਹਾਸਲ ਕਰ ਸਕੀਏ।

1-888-662-2481
www.oatleyvigmond.com

Oatley Vigmond
ONTARIO’S PERSONAL INJURY LAW FIRM